# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀਂ ਮੰਜਿਲ,ਫੇਜ਼-8, ਮੋਹਾਲੀ,
ਈ-ਮੇਲ:directorscert@punjabeducation.gov.in,ਫੋਨ ਨੰਬਰ:0172-221222

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ,ਐ.ਸਿੱ)

ਸਮੂਹ ਸਕੂਲ ਮੁਖੀ,

ਮੀਮੋ ਨੰ: E-784723/SCERT/Examination 2024/1142 ਮਿਤੀ : 23-10-24

ਵਿਸ਼ਾ: ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ-2024 ਦੀ ਰਜਿਸਟਰੇਸ਼ਨ ਕਰਾਉਣ ਸਬੰਧੀ।

ਹਵਾਲਾ : Punjab School Education Board SAS Nagar ਵਲੋਂ ਭੇਜਿਆ ਪੱਤਰ ਨੰ (50) ਮਿਤੀ 08-10-2024 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸੰਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ (PSEB) ਵਲੋਂ ਵਿਦਿਆਰਥੀਆਂ ਵਿੱਚ ਮਾਂ ਬੋਲੀ ਪੰਜਾਬੀ ਪ੍ਰਤੀ ਪਿਆਰ ਅਤੇ ਉਤਸ਼ਾਹ ਪੈਦਾ ਕਰਨ ਲਈ **"ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ-2024"** ਦੀ ਪ੍ਰਤੀਯੋਗਿਤਾ ਕਰਵਾਈ ਜਾਣੀ ਹੈ।ਇਸ ਸੰਬੰਧੀ ਆਪਣੇ ਜਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਹੇਠ ਲਿਖੇ ਅਨੁਸਾਰ ਨਿਰਦੇਸ਼ ਜਾਰੀ ਕਰਨ ਦੀ ਖੇਚਲ ਕੀਤੀ ਜਾਵੇ ਜੀ:-

1.1 ਇਹ ਪ੍ਰਤੀਯੋਗਿਤਾ ਤਿੰਨ ਵਰਗਾਂ ਅਨੁਸਾਰ ਹੋਵੇਗੀ-ਤੀਸਰੀ ਤੋਂ ਪੰਜਵੀ, ਛੇਵੀਂ ਤੋਂ ਅਠਵੀਂ,ਨੌਵੀਂ ਤੋਂ ਬਾਰ੍ਹਵੀਂ।

1.2 ਇਸ ਪ੍ਰਤੀਯੋਗਿਤਾ ਦੀ ਰਜਿਸਟਰੇਸ਼ਨ ਫੀਸ (100/- ਰੁਪਏ ਪ੍ਰਤੀ ਵਿਦਿਆਰਥੀ )ਹੈ।

1.3 ਇਸ ਪ੍ਰਤੀਯੋਗਿਤਾ ਸੰਬੰਧੀ ਰਜਿਸਟਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਈਟ ਅਤੇ ਪੋਰਟਲ **https://www.pseb.ac.in/olympiad** ਉਪਰ ਸ਼ੁਰੂ ਹੋ ਚੁੱਕੀ ਹੈ।

1.4 **Online Registration** ਦੀ ਅੰਤਿਮ ਮਿਤੀ 30/10/2024 ਨਿਰਧਾਰਿਤ ਹੈ।

1.5 ਇਹ ਪ੍ਰਤੀਯੋਗਿਤਾ ਮਿਤੀ 07 ਅਤੇ 08 ਦਸੰਬਰ 2024 ਨੂੰ ਆਨਲਾਈਨ ਮੋਡ ਰਾਹੀਂ ਕਰਵਾਈ ਜਾ ਰਹੀ ਹੈ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਬੋਰਡ ਦੀ ਵੈਬਸਾਈਟ ਤੇ ਉਪਲੱਬਧ ਕੀਤੀ ਗਈ ਹੈ।

ਆਪ ਜੀ ਵੱਲੋਂ ਵਿਦਿਆਰਥੀਆਂ ਨੂੰ **ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ-2024** ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ ਜੀ।

**ਅਮਨਿੰਦਰ ਕੌਰ ਪੀ.ਸੀ.ਐਸ**

**ਡਾਇਰੈਕਟਰ, ਐਸ.ਸੀ.ਈ.ਆਰ.ਟੀ,ਪੰਜਾਬ।**

ਪਿੱਠ ਅੰਕਣ ਨੰ: ਉਕਤ/1142 ਮਿਤੀ: 24-10-24

ਉਪਰੋਕਤ ਦਾ ਉਤਾਰਾ ਸਬੰਧਤ ਨੂੰ ਸੂਚਨਾ ਅਤੇ ਨੋਟ ਕਰਵਾਉਣ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ.
2. ਪੀ.ਏ.ਟੂ ਡੀ.ਐਸ.ਈ(ਸੈ.ਸਿੱ, ਐ.ਸਿੱ)

**ਸਹਾਇਕ ਡਾਇਰੈਕਟਰ (ਪ੍ਰੀਖਿਆ)**

**ਐਸ.ਸੀ.ਈ.ਆਰ.ਟੀ,ਪੰਜਾਬ।**

# ਪੰਜਾਬ ਸਕੂਲ ਸਿੱਖਿਆ ਬੋਰਡ

ਐਸ. ਏ. ਐਸ. ਨਗਰ (ਮੋਹਾਲੀ) - 160 062

# PUNJAB SCHOOL EDUCATION BOARD

S.A.S. Nagar (Mohali)-160 062


ਨੰਬਰ 50

ਮਿਤੀ 08-10-24.

ਵੱਲ

ਡਾਇਰੈਕਟਰ

ਐਸ.ਸੀ.ਈ.ਆਰ.ਟੀ.ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਫੇਸ-8

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

**ਵਿਸ਼ਾ:- ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ-2024 ਦੀ ਪ੍ਰਤੀਯੋਗਤਾ ਲਈ ਰਜਿਸਟਰੇਸ਼ਨ ਕਰਾਉਣ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਵਿੱਚ ਮਾਂ ਬੋਲੀ ਪੰਜਾਬੀ ਪ੍ਰਤੀ ਪਿਆਰ ਅਤੇ ਉਤਸ਼ਾਹ ਪੈਦਾ ਕਰਨ ਲਈ "ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ-2024" ਪ੍ਰਤੀਯੋਗਤਾ ਕਰਵਾਈ ਜਾ ਰਹੀ ਹੈ, ਜੋ ਕਿ ਇਸ ਵਾਰ ਤਿੰਨ ਵਰਗਾਂ ਤੀਸਰੀ ਤੋਂ ਪੰਜਵੀਂ, ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਬਾਰ੍ਹਵੀਂ ਅਨੁਸਾਰ ਹੋਵੇਗੀ। (ਰਜਿਸਟਰੇਸ਼ਨ ਫੀਸ 100/- ਰੁਪਏ ਪ੍ਰਤੀ ਵਿਦਿਆਰਥੀ) ਇਸ ਸਬੰਧੀ ਰਜਿਸਟਰੇਸ਼ਨ ਬੋਰਡ ਦੀ ਵੈੱਬਸਾਈਟ ਅਤੇ ਪੋਰਟਲ https://www.pseb.ac.in/olympiad ਉੱਪਰ ਸ਼ੁਰੂ ਹੋ ਚੁੱਕੀ ਹੈ। ਆਨਲਾਈਨ ਰਜਿਸਟਰੇਸ਼ਨ ਲਈ ਅੰਤਿਮ ਮਿਤੀ 30-10-2024 ਨਿਰਧਾਰਿਤ ਕੀਤੀ ਗਈ ਹੈ। ਪ੍ਰਤੀਯੋਗਤਾ ਮਿਤੀ 7 ਅਤੇ 8 ਦਸੰਬਰ 2024 ਨੂੰ ਆਨਲਾਈਨ ਮੋਡ ਰਾਹੀਂ ਕਰਵਾਈ ਜਾ ਰਹੀ ਹੈ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਬੋਰਡ ਦੀ ਵੈੱਬਸਾਈਟ ਤੇ ਉਪਲੱਬਧ ਹੈ।

ਇਸ ਕਾਰਜ ਦੀ ਸਫਲਤਾ ਲਈ ਆਪ ਜੀ ਦੇ ਸਹਿਯੋਗ ਦੀ ਜ਼ਰੂਰਤ ਹੈ। ਵਿਦਿਆਰਥੀਆਂ ਵਿੱਚ ਪੰਜਾਬੀ ਮਾਂ ਬੋਲੀ ਦੀ ਲੋਕ-ਪ੍ਰਿਅਤਾ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਇਸ ਉਪਰਾਲੇ ਸਬੰਧੀ ਪੰਜਾਬ ਦੇ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਵਿਦਿਅਰਥੀਆਂ ਨੂੰ ਇਸ ਸਬੰਧੀ ਉਚੇਚੇ ਤੌਰ ਤੇ ਜਾਣੂ ਕਰਵਾਉਣ ਅਤੇ ਇਸ ਪ੍ਰਤੀਯੋਗਤਾ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਨ।

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ।

Scanned with OKEN Scanner